# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 28-11-2024**

- ਸੰਸਦ ਦੇ ਦੋਵੇਂ ਸਦਨਾਂ ਦੀ ਕਾਰਵਾਈ ਅੱਜ ਦਿਨ ਭਰ ਲਈ ਮੁਲਤਵੀ ਕੀਤੀ ਗਈ ।
- ਸਰਕਾਰ ਨੇ ਕਿਹਾ ਕਿ ਇਸ ਸਾਲ ਅਕਤੂਬਰ ਤੱਕ ਪੰਜਾਬ ਸਮੇਤ ਦੇਸ਼ ਭਰ ਵਿੱਚ ਕੁੱਲ ਤਿੰਨ ਹਜ਼ਾਰ 94 ਗੈਰ-ਕਾਨੂੰਨੀ ਟਰੈਵਲ ਭਰਤੀ ਏਜੰਟਾਂ ਨੂੰ ਈ-ਮਾਈਗ੍ਰੇਟ ਪੋਰਟਲ 'ਤੇ ਸੂਚਿਤ ਕੀਤਾ ਗਿਆ ਏ ।
- ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਅੱਜ ਭਾਰਤੀ ਉਦਯੋਗ ਮਹਾਸੰਘ-CII ,'ਕਾਰੋਬਾਰ ਕਰਨ ਨੂੰ ਸੁਖਾਲਾ ਕਰਨ ਅਤੇ ਨੇਮਬੰਦੀ ਮਾਮਲਿਆਂ ਬਾਰੇ ਪੋਰਟਲ' ਦੀ ਸ਼ੁਰੂਆਤ ਕੀਤੀ ।
- ਫਾਜ਼ਿਲਕਾ ਦੇ ਪਿੰਡ ਧਰਾਂਗਵਾਲਾ ਦਾ ਨੌਜਵਾਨ ਰਾਮ ਚੰਦਰ, ਕਰਮਵੀਰ ਚੱਕਰ ਨਾਲ ਹੋਇਆ ਸਨਮਾਨਿਤ ।

- 68ਵੀਆਂ ਪੰਜਾਬ ਸਕੂਲ ਖੇਡਾਂ ਦੇ ਜੂਡੋ ਮੁਕਾਬਲਿਆਂ ਦੀ ਸ਼ਾਨਦਾਰ ਸ਼ੁਰੂਆਤ ।

---------------------------------------------------------------

ਇੱਕ ਉੱਘੇ ਕਾਰੋਬਾਰੀ ਸਮੂਹ ਖ਼ਿਲਾਫ਼ ਕਥਿਤ ਰਿਸ਼ਵਤਖੋਰੀ ਦੇ ਦੋਸ਼ਾਂ ਸਮੇਤ ਵੱਖ-ਵੱਖ ਮੁੱਦਿਆਂ ਨੂੰ ਲੈ ਕੇ, ਵਿਰੋਧੀ ਧਿਰ ਦੇ ਹੰਗਾਮੇ ਮਗਰੋਂ ਸੰਸਦ ਦੇ ਦੋਵੇਂ ਸਦਨਾਂ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ ਏ । ਕਾਂਗਰਸ, ਸਮਾਜਵਾਦੀ ਪਾਰਟੀ, ਡੀ.ਐਮ.ਕੇ ਅਤੇ ਹੋਰਾਂ ਨੇ, ਇਕ ਪ੍ਰਮੁੱਖ ਵਪਾਰਕ ਸਮੂਹ ਦੇ ਖਿਲਾਫ ਕਥਿਤ ਰਿਸ਼ਵਤ ਦੇ ਦੋਸ਼ਾਂ ਸਮੇਤ ਵੱਖ-ਵੱਖ ਮੁੱਦਿਆਂ 'ਤੇ ਹੰਗਾਮਾ ਕੀਤਾ। ਜਦੋਂ ਰਾਜ ਸਭਾ ਦੀ ਕਾਰਵਾਈ ਪਹਿਲੀ ਵਾਰ ਮੁਲਤਵੀ ਹੋਣ ਤੋਂ ਬਾਅਦ 12 ਵਜੇ ਮੁੜ ਸ਼ੁਰੂ ਹੋਈ, ਤਾਂ ਕਾਂਗਰਸ, ਖੱਬੇ-ਪੱਖੀ ਪਾਰਟੀਆਂ , ਡੀ.ਐਮ.ਕੇ, TMC, SP ,ਆਮ ਆਦਮੀ ਪਾਰਟੀ ਅਤੇ ਹੋਰਾਂ ਦੇ ਮੈਂਬਰ, ਸਦਨ ਵਿਚ ਮੁੱਦੇ ਉਠਾਉਣ ਦੀ ਮੰਗ ਕਰਦੇ ਰਹੇ । ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ, ਆਪਣੀਆਂ ਸੀਟਾਂ 'ਤੇ ਵਾਪਸ ਜਾਣ ਦੀ ਅਪੀਲ ਕੀਤੀ ਪਰ ਉਹ ਨਾਅਰੇਬਾਜ਼ੀ ਕਰਦੇ ਰਹੇ । ਉਨ੍ਹਾਂ

ਕਿਹਾ, ਸੰਸਦ ਉਸਾਰੂ ਚਰਚਾ ਦਾ ਮੰਚ ਏ ਅਤੇ ਸਦਨ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਮੈਂਬਰਾਂ ਨੂੰ, ਸਦਨ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ। ਸ੍ਰੀ ਧਨਖੜ ਨੇ ਕਿਹਾ ਕੀ ਸੰਸਦ ਦੀ ਕਾਰਵਾਈ ਵਿੱਚ ਵਿਘਨ, ਜਮਹੂਰੀਅਤ ਦੀ ਨੀਂਹ ਨੂੰ ਕਮਜ਼ੋਰ ਕਰਦਾ ਏ ਉਨ੍ਹਾਂ ਉਸਾਰੂ ਗੱਲਬਾਤ ਅਤੇ ਉਸਾਰੂ ਸ਼ਮੂਲੀਅਤ ਦੀ ਮੰਗ ਕੀਤੀ ।

ਓਧਰ ਲੋਕ ਸਭਾ ਵਿੱਚ ਵੀ ਸਦਨ ਦੀ ਬੈਠਕ ਪਹਿਲੀ ਮੁਲਤਵੀ ਤੋਂ ਬਾਅਦ ਦੁਪਹਿਰ 12 ਵਜੇ ਸ਼ੁਰੂ ਹੋਈ ਤਾ ਹੰਗਾਮਾ ਜਾਰੀ ਰਿਹਾ। ਵਿਰੋਧੀ ਧਿਰ ਦੇ ਮੈਂਬਰਾਂ ਨੇ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਨਾਅਰੇਬਾਜ਼ੀ ਕੀਤੀ। ਲੋਕ ਸਭ ਸਪੀਕਰ ਓਮ ਬਿਰਲਾ ਨੇ ਮੈਂਬਰਾਂ ਵਾਰ-ਵਾਰ ਸਦਨ ਵਿੱਚ ਤਾਕੀਦ ਕੀਤੀ ਪਰ ਉਨ੍ਹਾਂ ਆਪਣਾ ਵਿਰੋਧ ਜਾਰੀ ਰੱਖਿਆ। ਇਸ ਕਾਰਨ ਸਦਨ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕਰਨੀ ਪਈ।

ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ, ਸਦਨ ਵਿੱਚ ਵਿਰੋਧੀ ਧਿਰ ਦੇ ਵਤੀਰੇ ਦੀ ਨਿੰਦਾ ਕੀਤੀ ।

ਉਨ੍ਹਾਂ ਕਿਹਾ, ਕਾਂਗਰਸ ਅਤੇ ਵਿਰੋਧੀ ਧਿਰ ਦੇ ਹੋਰ ਮੈਂਬਰ, ਬੇਲੋੜਾ ਹੰਗਾਮਾ ਕਰਨ ਦੀ ਕੋਸ਼ਿਸ਼ ਕਰ ਰਹੇ ਨੇ ਅਤੇ ਨਵੇਂ ਮੈਂਬਰਾਂ ਨੂੰ ਆਪਣੇ

ਵਿਚਾਰ ਰੱਖਣ ਦੀ ਇਜਾਜ਼ਤ ਨਹੀਂ ਦੇ ਰਹੇ । ਇਸ ਤੋਂ ਪਹਿਲਾਂ ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਵਾਡਰਾ ਅਤੇ ਰਵਿੰਦਰ ਬਸੰਤ-ਰਾਓ ਚਵਾਨ ਨੇ ਲੋਕ ਸਭਾ 'ਚ ਸੰਸਦ ਮੈਂਬਰ ਵਜੋਂ ਸਹੁੰ ਚੁੱਕੀ ।

---------------------------------------------------------------

ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਨੇ, ਅੱਜ ਲੋਕ ਸਭਾ ਅਤੇ ਰਾਜ ਸਭਾ ਵਿੱਚ ਵਿਘਨ ਪਾਉਣ ਲਈ ਵਿਰੋਧੀ ਪਾਰਟੀਆਂ ਨੂੰ ਸਵਾਲ ਕੀਤਾ ।ਸੰਸਦ ਭਵਨ ਕੰਪਲੈਕਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਸ੍ਰੀ ਜੋਸ਼ੀ ਨੇ ਕਿਹਾ ਕਿ ਸਰਕਾਰ ਸਪੀਕਰ ਅਤੇ ਚੇਅਰਮੈਨ ਵਲੋਂ ਮਨਜ਼ੂਰ ਮੁੱਦਿਆਂ 'ਤੇ ਚਰਚਾ ਕਰਨ ਲਈ ਤਿਆਰ ਏ ।

---------------------------------------------------------------

ਸਰਕਾਰ ਨੇ ਕਿਹਾ ਕਿ ਇਸ ਸਾਲ ਅਕਤੂਬਰ ਤੱਕ ਦੇਸ਼ ਭਰ ਵਿੱਚ ਕੁੱਲ ਤਿੰਨ ਹਜ਼ਾਰ 94 ਗੈਰ-ਕਾਨੂੰਨੀ ਭਰਤੀ ਏਜੰਟਾਂ ਨੂੰ ਈ-ਮਾਈਗ੍ਰੇਟ ਪੋਰਟਲ 'ਤੇ ਸੂਚਿਤ ਕੀਤਾ ਗਿਆ ਏ । ਅੱਜ ਰਾਜ ਸਭਾ ਵਿੱਚ ਇੱਕ ਲਿਖਤੀ ਜਵਾਬ ਵਿੱਚ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਕਿਹਾ ਕਿ ਮੰਤਰਾਲੇ ਦੇ ਧਿਆਨ ਵਿੱਚ ਆਇਆ ਈ ਕਿ ਪੰਜਾਬ ਵਿੱਚ ਵੱਖ-ਵੱਖ ਟਰੈਵਲ ਏਜੰਟ, ਜੋ ਇਮੀਗ੍ਰੇਸ਼ਨ ਐਕਟ 1983 ਦੇ ਉਪਬੰਧਾਂ

ਮੁਤਾਬਿਕ ਵਿਦੇਸ਼ਾਂ ਵਿੱਚ ਰੁਜ਼ਗਾਰ ਵਾਸਤੇ ਭਰਤੀ ਕਰਨ ਲਈ ਅਧਿਕਾਰਤ ਨਹੀਂ ਹਨ ਜੋ ਗੈਰ-ਕਾਨੂੰਨੀ ਢੰਗ ਨਾਲ ਇਹ ਕੰਮ ਕਰ ਰਹੇ ਨੇ । ਊਨਾ ਕਿਹਾ ਕਿ ਸਾਈਬਰ ਡੋਮੇਨ ਵਿੱਚ, ਭਾਰਤੀ ਸਾਈਬਰ ਅਪਰਾਧ ਤਾਲਮੇਲ ਕੇਂਦਰ , ਗ੍ਰਹਿ ਮੰਤਰਾਲੇ ਅਤੇ ਸੂਬਾ ਪੁਲਿਸ ਅਧਿਕਾਰੀਆਂ ਦੇ ਸਹਿਯੋਗ ਨਾਲ ਗੈਰ-ਕਾਨੂੰਨੀ ਭਰਤੀ ਏਜੰਟਾਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਈ । ਪੰਜਾਬ ਵਿੱਚ ਗੈਰ-ਕਾਨੂੰਨੀ ਭਰਤੀ ਕਰਨ ਵਾਲੀਆਂ ਏਜੰਸੀਆਂ ਖਿਲਾਫ ਕੁੱਲ 38 ਮਾਮਲੇ ਦਰਜ ਕੀਤੇ ਗਏ ਨੇ । ਉਨ੍ਹਾਂ ਕਿਹਾ ਕਿ ਈ-ਮਾਈਗਰੇਟ ਪੋਰਟਲ, ਸੋਸ਼ਲ ਮੀਡੀਆ ਹੈਂਡਲਜ਼ ਅਤੇ ਹੋਰ ਪ੍ਰਚਾਰ ਚੈਨਲਾਂ ਰਾਹੀਂ ਜਾਅਲੀ ਨੌਕਰੀਆਂ ਦੇ ਰੈਕੇਟਾਂ ਦੇ ਖ਼ਤਰਿਆਂ ਅਤੇ ਇਨ੍ਹਾਂ ਨੂੰ ਕਿਵੇਂ ਰੋਕਿਆ ਜਾ ਸਕਦਾ ਈ ਬਾਰੇ ਸਲਾਹ ਜਾਰੀ ਕੀਤੀ ਗਈ ਈ । ਮੰਤਰਾਲਾ ਈ-ਮਾਈਗ੍ਰੇਟ ਪੋਰਟਲ ਰਾਹੀਂ , ਪੰਜਾਬ ਸਮੇਤ ਦੇਸ਼ ਭਰ ਵਿੱਚ ਸੁਰੱਖਿਅਤ ਅਤੇ ਕਾਨੂੰਨੀ ਪਰਵਾਸ ਬਾਰੇ ਜਾਗਰੂਕਤਾ ਮੁਹਿੰਮ ਵੀ ਚਲਾ ਰਿਹਾ ਏ ।

-----------------------------------------------------------

ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਅੱਜ ਭਾਰਤੀ ਉਦਯੋਗ

ਮਹਾਸੰਘ-CII ,'ਕਾਰੋਬਾਰ ਕਰਨ ਨੂੰ ਸੁਖਾਲਾ ਕਰਨ ਅਤੇ ਨੇਮਬੰਦੀ ਮਾਮਲਿਆਂ ਬਾਰੇ ਪੋਰਟਲ' ਦੀ ਸ਼ੁਰੂਆਤ ਕੀਤੀ। ਇਹ ਪੋਰਟਲ ਕੇਂਦਰ ਸਰਕਾਰ ਅਤੇ ਭਾਰਤੀ ਉਦਯੋਗ ਮਹਾਸੰਘ ਦੋਵਾਂ ਵਲੋਂ ਕਾਰੋਬਾਰ ਕਰਨ ਨੂੰ ਸੁਖਾਲਾ ਬਣਾਉਣ ਲਈ ਪ੍ਰਮੁੱਖ ਪਹਿਲਕਦਮੀਆਂ ਬਾਰੇ ਸਥਿਤੀ ਅਤੇ ਅਪਡੇਟ ਪ੍ਰਦਾਨ ਕਰੇਗਾ। ਖਪਤਕਾਰ ਅਸਲ ਸਮੇਂ ਦੇ ਆਧਾਰ 'ਤੇ ਪ੍ਰਗਤੀ ਨੂੰ ਟਰੈਕ ਕਰ ਸਕਦੇ ਨੇ। ਨਵੀਂ ਦਿੱਲੀ ਵਿੱਚ ਇਸ ਮੌਕੇ ਬੋਲਦਿਆਂ ਸ੍ਰੀ ਗੋਇਲ ਨੇ ਕਿਹਾ ਕਿ ਸਰਕਾਰ ਦੇ ਨੈਸ਼ਨਲ ਸਿੰਗਲ ਵਿੰਡੋ ਸਿਸਟਮ ਨੇ ਕਾਰੋਬਾਰ ਕਰਨ ਵਿੱਚ ਅਸਾਨੀ ਵਿੱਚ ਸੁਧਾਰ ਕੀਤਾ ਏ ਅਤੇ ਵੱਖ-ਵੱਖ ਖੇਤਰਾਂ , ਉਦਯੋਗਾਂ ਅਤੇ ਵਿਭਾਗਾਂ ਨੂੰ ਨਾਲ ਲਿਆਇਆ ਏ। ਉਨ੍ਹਾਂ ਮੌਜੂਦ ਸਨਅਤ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਹ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ, ਵੱਧ ਤੋਂ ਵੱਧ ਸ਼ਮੂਲੀਅਤ ਕਰਨ। ਸ੍ਰੀ ਗੋਇਲ ਨੇ ਸੀ.ਆਈ.ਆਈ ਨੂੰ ਅਪੀਲ ਕੀਤੀ ਕਿ ਉਹ, ਆਪਣੇ ਮੈਂਬਰਾਂ ਨੂੰ ਸੰਵੇਦਨਸ਼ੀਲ ਬਣਾਉਣ ਅਤੇ ਕਾਨੂੰਨ ਦੀ ਭਾਵਨਾ ਦਾ ਸਤਿਕਾਰ ਕਰਨ।

---------------------------------------------------

ਕਿਰਤ ਅਤੇ ਰੋਜ਼ਗਾਰ ਮੰਤਰਾਲੇ ਨੇ ਕਿਹਾ ਏ ਕਿ ਕਰਮਚਾਰੀ ਰਾਜ ਬੀਮਾ ਨਿਗਮ, ESIC ਆਯੁਸ਼ਮਾਨ ਭਾਰਤ- ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ ਦੀਆਂ ਸੁਵਿਧਾਵਾਂ ਨੂੰ, ਕਾਰਪੋਰੇਸ਼ਨ ਨਾਲ ਜੋੜ ਕੇ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਤੱਕ, ਸਿਹਤ ਸੰਭਾਲ ਪਹੁੰਚ ਵਧਾਉਣ ਲਈ ਕੰਮ ਕਰ ਰਿਹਾ ਏ। ਮੰਤਰਾਲੇ ਨੇ ਅੱਜ ਇੱਕ ਬਿਆਨ ਵਿੱਚ ਕਿਹਾ ਕਿ ਇਸ ਪਹਿਲਕਦਮੀ ਨਾਲ, 14 ਕਰੋੜ 43 ਲਖ ਈ.ਐਸ.ਆਈ. ਲਾਭਪਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਲਾਭ ਹੋਵੇਗਾ। ਬਿਆਨ ਵਿੱਚ ਕਿਹਾ ਗਿਆ ਏ ਕਿ,ਉਹ ,ਮੁਲਾਜ਼ਮਾਂ ਨੂੰ ਪੂਰੇ ਭਾਰਤ ਵਿੱਚ ਗੁਣਵੱਤਾ ਅਤੇ ਵਿਆਪਕ ਡਾਕਟਰੀ ਦੇਖਭਾਲ ਤੱਕ ਵਧੇਰੇ ਪਹੁੰਚ ਪ੍ਰਦਾਨ ਕਰੇਗਾ ਅਤੇ ਉਹ ਦੇਸ਼ ਭਰ ਵਿੱਚ, 30 ਹਜ਼ਾਰ ਤੋਂ ਵੱਧ ਸੂਚੀਬੱਧ ਹਸਪਤਾਲਾਂ ਵਿੱਚ ਸੈਕੰਡਰੀ ਅਤੇ ਤੀਜੇ ਦਰਜੇ ਦੀਆਂ ਡਾਕਟਰੀ ਸੇਵਾਵਾਂ ਦਾ ਲਾਭ ਲੈਣ ਦੇ ਯੋਗ ਹੋਣਗੇ । ਇਲਾਜ ਦੇ ਖਰਚਿਆਂ 'ਤੇ ਕੋਈ ਵਿੱਤੀ ਹੱਦ ਨਹੀਂ ਹੋਵੇਗੀ। ਮੰਤਰਾਲੇ ਨੇ ਕਿਹਾ, ਦੇਸ਼ ਭਰ ਦੇ ਚੈਰੀਟੇਬਲ ਹਸਪਤਾਲਾਂ ਨੂੰ ਵੀ ESI ਲਾਭਪਾਤਰੀਆਂ ਦੇ ਇਲਾਜ

ਲਈ ਸੂਚੀਬੱਧ ਕੀਤਾ ਜਾਵੇਗਾ। ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਨੇ, ਅੱਜ ਲੋਕ ਸਭਾ ਅਤੇ ਰਾਜ ਸਭਾ ਵਿੱਚ ਵਿਘਨ ਪਾਉਣ ਲਈ ਵਿਰੋਧੀ ਪਾਰਟੀਆਂ ਨੂੰ ਸਵਾਲ ਕੀਤਾ ।ਸੰਸਦ ਭਵਨ ਕੰਪਲੈਕਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਸ੍ਰੀ ਜੋਸ਼ੀ ਨੇ ਕਿਹਾ ਕਿ ਸਰਕਾਰ ਸਪੀਕਰ ਅਤੇ ਚੇਅਰਮੈਨ ਵਲੋਂ ਮਨਜ਼ੂਰ ਮੁੱਦਿਆਂ 'ਤੇ ਚਰਚਾ ਕਰਨ ਲਈ ਤਿਆਰ ਏ।

---------------------------------------------------------------

ਇਨਫੋਰਸਮੈਂਟ ਡਾਇਰੈਕਟੋਰੇਟ,ED ਸਾਈਬਰ ਕਰਾਈਮ ਨੈੱਟਵਰਕ ਨਾਲ ਜੁੜੇ ਚਾਰਟਰਡ ਅਕਾਊਂਟੈਂਟ ਦੀ ਚੱਲ ਰਹੀ ਜਾਂਚ ਦੇ ਸਬੰਧ 'ਚ ਤਲਾਸ਼ੀ ਮੁਹਿੰਮ ਚਲਾ ਰਿਹਾ ਏ। ਦੇਸ਼ ਭਰ ਤੋਂ ਫਿਸ਼ਿੰਗ ਘੁਟਾਲੇ, QR ਕੋਡ ਧੋਖਾਧੜੀ, ਪਾਰਟ-ਟਾਈਮ ਨੌਕਰੀ ਘੁਟਾਲੇ ਦੀਆਂ ਖ਼ਬਰਾਂ ਮਿਲ ਰਹੀਆਂ ਨੇ। ਭਾਰਤੀ ਸਾਈਬਰ ਅਪਰਾਧ ਤਾਲਮੇਲ ਕੇਂਦਰ ਅਤੇ ਭਾਰਤੀ ਵਿਤੀ ਖੁਫੀਆ ਇਕਾਈ ਦੀ ਮਦਦ ਨਾਲ ਹਜ਼ਾਰਾਂ ਅਪਰਾਧਿਕ ਘਟਨਾਵਾਂ ਦਾ ਵਿਆਪਕ ਵਿਸ਼ਲੇਸ਼ਣ ਕੀਤਾ ਗਿਆ। ਅਪਰਾਧਿਕ ਗਤੀਵਿਧੀਆਂ ਤੋਂ ਪ੍ਰਾਪਤ ਪੈਸਾ, 15 ਹਜ਼ਾਰ ਗੈਰ-ਕਾਨੂੰਨੀ ਖਾਤਿਆਂ

ਵਿੱਚ ਭੇਜਿਆ ਜਾ ਰਿਹਾ ਸੀ ਅਤੇ ਫਿਰ ਉਨ੍ਹਾਂ ਤੋਂ ਡੈਬਿਟ ਤੇ ਕ੍ਰੈਡਿਟ ਕਾਰਡ ਪ੍ਰਾਪਤ ਕੀਤੇ ਜਾਂਦੇ ਸਨ। ਇਹਨਾਂ ਕਾਰਡਾਂ ਦੀ ਵਰਤੋਂ ਕਰਕੇ, ਪੈਸੇ ਨੂੰ, ਸੰਯੁਕਤ ਅਰਬ ਅਮੀਰਾਤ ਦੇ PYYPL ਅਦਾਇਗੀ ਐਗਰੀਗੇਟਰ ਦੇ ਵਰਚੁਅਲ ਖਾਤਿਆਂ ਵਿੱਚ ਭੇਜਿਆ ਗਿਆ ਸੀ। ਇਹ ਪੈਸਾ PYYPL ਦੁਆਰਾ ਕ੍ਰਿਪਟੋ ਮੁਦਰਾ ਖਰੀਦਣ ਲਈ ਵਰਤਿਆ ਗਿਆ ਸੀ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਏ ਕਿ ਸਾਰਾ ਨੈੱਟਵਰਕ ਕਈ ਸ਼ੱਕੀ ਚਾਰਟਰਡ ਅਕਾਊਂਟੈਂਟਾਂ ਦੁਆਰਾ ਚਲਾਇਆ ਜਾ ਰਿਹਾ ਸੀ। ਜ਼ਿਕਰਯੋਗ ਕਿ ਦਿੱਲੀ ਦੇ ਬਿਜ-ਵਾਸਨ ਇਲਾਕੇ 'ਚ ਸਾਈਬਰ ਅਪਰਾਧ ਨਾਲ ਸਬੰਧਤ ਛਾਪੇਮਾਰੀ ਦੌਰਾਨ ਇਨਫੋਰਸਮੈਂਟ ਡਾਇਰੈਕਟੋਰੇਟ ਦੀ ਟੀਮ 'ਤੇ ਹਮਲਾ ਕੀਤਾ ਗਿਆ।

---------------------------------------------------------

ਪੰਜਾਬ ਸਰਕਾਰ ਨੇ ਸਹਿਕਾਰੀ ਖੰਡ ਮਿੱਲ ਦੇ 1148 ਕਿਸਾਨਾਂ ਦੀ 84 ਲੱਖ ਰੁਪਏ ਦੀ ਪੈਨਲਟੀ ਦੀ ਰਾਸ਼ੀ ਜਾਰੀ ਕੀਤੀ ਏ । ਸ਼ੂਗਰਫੈੱਡ ਦੇ ਪ੍ਰਬੰਧਕ ਨਿਰਦੇਸ਼ਕ ਸੇਨੂੰ ਦੁੱਗਲ ਨੇ ਦੱਸਿਆ ਕਿ 5 ਦਸੰਬਰ ਨੂੰ ਸਹਿਕਾਰੀ ਖੰਡ ਮਿੱਲ, ਬਟਾਲਾ ਵਿਖੇ ਗੰਨੇ ਦਾ ਪਿੜਾਈ

ਸੀਜ਼ਨ ਸ਼ੁਰੂ ਹੋਵੇਗਾ। ਉਨ੍ਹਾਂ ਸਹਿਕਾਰੀ ਖੰਡ ਮਿੱਲ ਬਟਾਲਾ ਵਿਖੇ ਨਵੇਂ ਲੱਗੇ 3500 ਟੀ.ਸੀ.ਡੀ ਸਮਰੱਥਾ ਦੇ ਪਲਾਟ ਦਾ ਦੌਰਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਹਿਕਾਰੀ ਖੰਡ ਮਿੱਲ ਬਟਾਲਾ ਵੱਲੋਂ 1148 ਕਿਸਾਨਾਂ ਨੂੰ ਪਿੜਾਈ ਸੀਜਨ 2023-24 ਦੀ ਗੰਨੇ ਦੀ ਸਪਲਾਈ ਤੇ ਲੱਗੀ 84 ਲੱਖ ਦੀ ਪੈਨਲਟੀ ਕਿਸਾਨਾਂ ਦੇ ਖਾਤਿਆ ਵਿੱਚ ਪਾ ਦਿਤੀ ਗਈ ਏ। ਉਹਨਾ ਦੱਸਿਆ ਕਿ ਇਸ ਨਾਲ ਇਲਾਕੇ ਦੇ ਕਿਸਾਨਾ ਦਾ ਮਿੱਲ ਤੇ ਭਰੋਸਾ ਵਧਿਆ ਏ।

---------------------------------------------------------------

ਫਾਜ਼ਿਲਕਾ ਦੇ ਪਿੰਡ ਧਰਾਂਗਵਾਲਾ ਦੇ ਰਹਿਣ ਵਾਲੇ ਨੌਜਵਾਨ ਪਰਬਤਾਰੋਹੀ ਰਾਮ ਚੰਦਰ ਨੂੰ ਦਿੱਲੀ ਵਿਖੇ ਸੰਯੁਕਤ ਰਾਸ਼ਟਰ ਦੇ ਸਹਿਯੋਗ ਨਾਲ ਸਮਾਜਿਕ ਗੈਰ ਸਰਕਾਰੀ ਸੰਗਠਨ ਵਲੋਂ, ਕਰਮਵੀਰ ਚਕਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਰਾਮ ਚੰਦਰ ਨੇ ਪਿਛਲੇ ਕਾਫੀ ਸਮੇਂ ਤੋਂ ਵੀ ਵੱਖ-ਵੱਖ ਚੋਟੀਆਂ ਨੂੰ ਸਰ ਕਰਕੇ, ਆਪਣੇ ਪਿੰਡ ਤੇ ਜ਼ਿਲੇ ਦਾ ਨਾਮ ਰੋਸ਼ਨ ਕੀਤਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੀ ਫਾਜ਼ਿਲਕਾ ਯੂਥ ਆਈਕਨ ਅਵਾਰਡ ਨਾਲ ਵੀ ਨਿਵਾਜਿਆ ਗਿਆ ਏ।

ਇਹ  ਕਰਮਵੀਰ ਚੱਕਰ ਪੁਰਸਕਾਰ ਇੱਕ ਆਲਮੀ ਨਾਗਰਿਕ ਸਨਮਾਨ ਏ ਜੋ ਮਾਨਵਤਾ ਲਈ ਉੱਤਮ ਕਾਰਜ ਪ੍ਰਦਾਨ ਕਰਨ ,ਸਮਾਜ ਵਿੱਚ ਤਬਦੀਲੀ ਦੀ ਲਹਿਰ ਸ਼ੁਰੂ ਕਰਨ , ਸਿੱਖਿਆ, ਸਵੈ-ਸੇਵਾ ਅਤੇ ਸਿਹਤ ਸੇਵਾ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਪਾਉਣ ਵਾਲਿਆਂ ਨੂੰ ਦਿੱਤਾ ਜਾਂਦਾ ਏ । ਆਰ. ਈ. ਐਕਸ ਕਰਮਵੀਰ ਗਲੋਬਲ ਯੰਗ ਲੀਡਰਸ ਫ਼ੇਲੋਸ਼ਿਪ ਅਤੇ ਕਰਮਵੀਰ ਪੁਰਸਕਾਰ ਪ੍ਰੋਗਰਾਮ ਰਾਹੀਂ ਨੌਜਵਾਨ ਨੇਤਾਵਾਂ ਦੇ ਚਰਿੱਤਰ-ਆਧਾਰਿਤ ਅਗਵਾਈ ਲਈ ਸਨਮਾਨ ਕੀਤਾ ਜਾਂਦਾ ਏ । ਇਸ ਪ੍ਰੋਗਰਾਮ ਵਿੱਚ ਸਿੱਖਣਾ ਅਤੇ ਸਹਿਯੋਗੀ ਪ੍ਰਕਿਰਿਆ ਸ਼ਾਮਲ ਏ।

-----------------------------------------------------------

ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ 68ਵੀਆਂ ਸੂਬਾ ਪੱਧਰੀ ਸਕੂਲ ਖੇਡਾਂ ਦੇ 19 ਸਾਲਾ ਉਮਰ ਵਰਗ ਵਿਚ ਜੂਡੋ ਮੁਕਾਬਲਿਆਂ ਦਾ ਉਦਘਾਟਨ ਕੀਤਾ ਗਿਆ। ਅੱਜ ਜਲੰਧਰ ਵਿਚ ਸਕੂਲ ਆਫ ਐਮੀਨੈਂਸ ਲਾਡੋਵਾਲੀ ਰੋਡ ਵਿਖੇ ਮੁੱਖ ਮਹਿਮਾਨ ਵਿਧਾਇਕ ਰਮਨ ਅਰੋੜਾ ਨੇ ਟੂਰਨਾਮੈਂਟ ਦਾ ਰਸਮੀ ਉਦਘਾਟਨ ਕੀਤਾ। ਉਨ੍ਹਾਂ ਸਮੂਹ ਖਿਡਾਰੀਆਂ ਨੂੰ

ਖੇਡਾਂ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਉਨ੍ਹਾਂ ਸਮੂਹ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਦੀ ਪ੍ਰੇਰਨਾ ਦਿੱਤੀ ਅਤੇ ਕਿਹਾ ਕਿ ਉਹ ਅੰਤਰ-ਰਾਸ਼ਟਰੀ ਪੱਧਰ 'ਤੇ ਦੇਸ਼ ਦਾ ਨਾਂ ਰੌਸ਼ਨ ਕਰਨ ਲਈ, ਸਖ਼ਤ ਮਿਹਨਤ ਕਰਨ । ਇਸ ਵਿਚ ਜੇਤੂ ਖਿਡਾਰੀਆਂ ਨੂੰ ਲੁਧਿਆਣਾ ਵਿੱਚ ਹੋਣ ਵਾਲੀ 68ਵੀਂ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਸਕੂਲੀ ਜੂਡੋ ਖੇਡਾਂ ਵਿੱਚ ਸੂਬੇ ਦਾ ਨਾਂ ਰੌਸ਼ਨ ਕਰਨ ਦਾ ਮੌਕਾ ਮਿਲੇਗਾ।

-----------------------------------------------------

ਮਾਲੇਰਕੋਟਲਾ ਦੇ ਨਹਿਰੂ ਯੁਵਾ ਕੇਂਦਰ, ਵੱਲੋਂ "ਭਾਰਤ 2047 ਸੰਬੰਧੀ ਪੰਚ ਪ੍ਰਣ" ਥੀਮ ਤੇ ਅਧਾਰਤ "ਯੁਵਾ ਉਤਸਵ" ਕਰਵਾਇਆ ਗਿਆ । ਇਸ ਯੁਵਾ ਮੇਲੇ ਵਿੱਚ ਵਿਧਾਇਕ ਡਾ ਜਮੀਲ ਉਰ ਰਹਿਮਾਨ ਨੇ ਮੁੱਖ ਮਹਿਮਾਨ ਸ਼ਿਰਕਤ ਕੀਤੀ । ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੱਭਿਅਤ, ਸਿਹਤਮੰਦ ਸਮਾਜ ਦੀ ਸਥਾਪਨਾ ਲਈ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਰਾਜਨੀਤਕ ਤੌਰ ’ਤੇ ਔਰਤਾਂ ਦਾ ਸੁਚੇਤ ਹੋਣ ਸਮੇਂ ਦੀ ਲੋੜ ਏ । ਉਨ੍ਹਾਂ ਪ੍ਰੇਰਿਤ ਕਰਦਿਆ

ਕਿਹਾ ਕਿ ਅੰਤਰ-ਰਾਸਟਰੀ ਮੁਕਾਬਲੇ ਦੇ ਯੁੱਗ ਵਿੱਚ ਕੁੜੀਆਂ ਨੂੰ ਆਪਣੀ ਪ੍ਰਤੀਭਾ ਨਿਖਾਰਣ ਲਈ ਹਰ ਸੰਭਵ ਉਪਰਾਲੇ ਕਰਨੇ ਚਾਹੀਦੇ ਨੇ। ਉਨ੍ਹਾਂ ਵਿਦਿਆਰਥੀਆ ਨੂੰ ਯੁਵਕ ਮੇਲਿਆਂ ਵਿੱਚ ਵੱਧ ਚੜ੍ਹਕੇ ਹਿੱਸਾ ਲੈਣ ਦੀ ਅਪੀਲ ਕੀਤੀ। ਨਹਿਰੂ ਯੁਵਾ ਕੇਂਦਰ ਦੇ ਜ਼ਿਲ੍ਹਾ ਯੂਥ ਅਫ਼ਸਰ ਰਾਹੁਲ ਸੈਣੀ ਨੇ ਕਿਹਾ ਕਿ "ਯੁਵਾ ਉਤਸਵ" ਕਰਵਾਉਣ ਦਾ ਮਨੋਰਥ, ਨੌਜਵਾਨਾਂ ਦੀ ਪ੍ਰਤੀਭਾ ਨੂੰ ਮੰਚ ਪ੍ਰਦਾਨ ਕਰਨ ਦੇ ਨਾਲ ਨਾਲ ਅੱਗੇ ਵਧਣ ਦੇ ਨਵੇਂ - ਨਵੇਂ ਮੌਕੇ ਪ੍ਰਦਾਨ ਕਰਨਾ ਏ । ਇਸ ਮੌਕੇ ਵਿਦਿਆਰਥੀਆਂ ਨੇ ਡੈਕਲਾਮੇਸ਼ਨ, ਫੋਟੋਗ੍ਰਾਫੀ, ਪੇਂਟਿੰਗ ਮੁਕਾਬਲੇ, ਸਾਇੰਸ ਮੇਲਾ ਸਮੇਤ ਵੱਖ ਵੱਖ ਮੁਕਬਲਾ ਵਿਚ ਭਾਗ ਲਿਆ।

---------------------------------------------------------------

ਹੁਸ਼ਿਆਰਪੁਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜ਼ੇਮਸ ਕੈਂਬਰਿਜ ਇੰਟਰਨੈਸ਼ਨ ਸਕੂਲ ਵਿਖੇ 'ਤੁਹਾਡੀ ਯਾਤਰਾ, ਤੁਹਾਡੀ ਜ਼ਿੰਦਗੀ, ਤੁਹਾਡੀ ਜ਼ਿੰਮੇਵਾਰੀ: ਸੁਰੱਖਿਅਤ ਗੱਡੀ ਚਲਾਓ ਅਤੇ ਸੁਰੱਖਿਅਤ ਰਹੋ' ਮੁਹਿੰਮ ਤਹਿਤ ਵਿਦਿਆਰਥੀਆਂ ਲਈ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ । ਇਸ ਪ੍ਰੋਗਰਾਮ ਵਿੱਚ 170 ਦੇ ਕਰੀਬ ਵਿਦਿਆਰਥੀਆਂ ਨੇ

ਹਿੱਸਾ ਲਿਆ। ਮੁਖ ਨਿਆਂਇਕ ਮੈਜਿਸਟਰੇਟ ਰਾਜ ਪਾਲ ਰਾਵਲ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਸਾਨੂੰ ਸੜਕ ਸੁਰੱਖਿਆ ਸਾਵਧਾਨੀਆਂ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਏ ਤਾਂ ਜ਼ੋ ਕੋਈ ਵੀ ਵਾਹਨ ਚਲਾਉਣ ਸਮੇਂ ਕਿਸੇ ਵੀ ਤਰ੍ਹਾ ਦੀ ਦੁਰਘਟਨਾ ਨਾ ਵਾਪਰੇ। ਇਸ ਦੌਰਾਨ ਵਿਦਿਆਰਥੀਆਂ ਨੂੰ ਨਾਲਸਾ ਦੀਆ ਵੱਖ-ਵੱਖ ਯੋਜਨਾਵਾਂ ਦੇ ਨਾਲ-ਨਾਲ ਪੰਜਾਬ ਵਿਕਟਿਮ ਕੰਪਨਸੇਸ਼ਨ ਸਕੀਮ 2017 ਅਤੇ ਜੁਵੇਨਾਈਲ ਜਸਟਿਸ ਐਕਟ ਬਾਰੇ ਵੀ ਜਾਣੂ ਕਰਵਾਇਆ ਗਿਆ।

---------------------------------------------------------------

ਕੇਂਦਰੀ ਸ਼ਾਸਤ ਪ੍ਰਦੇਸ਼ ਲੱਦਾਖ ਦੇ ਬੋਧ-ਖਰਬੂ, ਕਾਰਗਿਲ ਦੇ ਇੱਕ ਪੈਰਾ-ਐਥਲੀਟ ਰਿੰਚੇਨ ਯੂਡੋਲ ਨੇ ਬਹਿਰੀਨ ਦੇ ਮਨਾਮਾ ਵਿੱਚ ਕਾਰਵਾਈ, ਪਹਿਲੀ ਵਿਸ਼ਵ ਪੈਰਾ ਪੂਮਸੇ ਤਾਈ-ਕਵਾਂਡੋ ਚੈਂਪੀਅਨਸ਼ਿਪ ਵਿੱਚ, ਕਾਂਸੀ ਦਾ ਤਗਮਾ ਜਿੱਤ ਕੇ ਇਤਿਹਾਸ ਰਚਿਆ ਏ। 23 ਦੇਸ਼ਾਂ ਦੇ 140 ਐਥਲੀਟਾਂ ਖਿਲਾਫ ਸੀਨੀਅਰ ਮਹਿਲਾ ਵਰਗ ਵਿੱਚ ਮੁਕਾਬਲਾ ਕਰਦੇ ਹੋਏ, ਰਿਨਚੇਨ ਦਾ ਬੇਮਿਸਾਲ ਪ੍ਰਦਰਸ਼ਨ , ਲੱਦਾਖ ਅਤੇ ਭਾਰਤ ਲਈ ਬਹੁਤ ਮਾਣ ਵਾਲੀ ਗੱਲ ਏ। ਉਹ ਲੱਦਾਖ ਦੀ ਪਹਿਲੀ ਅਥਲੀਟ

ਏ ਜਿਸ ਨੇ ਤਾਈਕਵਾਂਡੋ ਵਿੱਚ ਮੀਲ ਪੱਥਰ ਹਾਸਲ ਕੀਤਾ ਏ, ਜਿਸ ਨਾਲ ਖੇਤਰ ਦੇ ਖੇਡ ਇਤਿਹਾਸ ਵਿੱਚ ਇੱਕ ਨਵਾਂ ਅਧਿਆਏ ਸ਼ੁਰੂ ਹੋਇਆ ਏ। ਇਸ ਮੁਕਾਬਲੇ ਵਿੱਚ ਪੰਜ ਮਹਾਂਦੀਪਾਂ ਦੇ ਪੈਰਾ-ਐਥਲੀਟਾਂ ਨੇ ਸ਼ਾਨਦਾਰ ਪ੍ਰਤਿਭਾ ਅਤੇ ਮੁਕਾਬਲੇ ਦਾ ਪ੍ਰਦਰਸ਼ਨ ਕੀਤਾ। ਲੱਦਾਖ ਤਾਈਕਵਾਂਡੋ ਐਸੋਸੀਏਸ਼ਨ ਦੇ ਪ੍ਰਧਾਨ ਨੇ ਯੂਡੋਲ ਨੂੰ ਇਸ ਵੱਕਾਰੀ ਟੂਰਨਾਮੈਂਟ ਤੱਕ ਪਹੁੰਚਣ ਵਿੱਚ ਮਦਦ ਕਰਨ ਲਈ ਲੱਦਾਖ ਅਤੇ ਉਨ੍ਹਾਂ ਸਾਰੇ ਸਟੇਕ ਧਾਰਕਾਂ ਦੀ ਸ਼ਲਾਘਾ ਕੀਤੀ ਏ।

---------------------------------------------------------------

## ਆਖ਼ਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ

- ਸੰਸਦ ਦੇ ਦੋਵੇਂ ਸਦਨਾਂ ਦੀ ਕਾਰਵਾਈ ਅੱਜ ਦਿਨ ਭਰ ਲਈ ਮੁਲਤਵੀ ਕੀਤੀ ਗਈ ।
- ਸਰਕਾਰ ਨੇ ਕਿਹਾ ਕਿ ਇਸ ਸਾਲ ਅਕਤੂਬਰ ਤੱਕ ਪੰਜਾਬ ਸਮੇਤ ਦੇਸ਼ ਭਰ ਵਿੱਚ ਕੁੱਲ ਤਿੰਨ ਹਜ਼ਾਰ 94 ਗੈਰ-ਕਾਨੂੰਨੀ ਟਰੈਵਲ ਭਰਤੀ ਏਜੰਟਾਂ ਨੂੰ ਈ-ਮਾਈਗ੍ਰੇਟ ਪੋਰਟਲ 'ਤੇ ਸੂਚਿਤ ਕੀਤਾ ਗਿਆ ਏ।

- ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਅੱਜ ਭਾਰਤੀ ਉਦਯੋਗ ਮਹਾਸੰਘ-CII ,'ਕਾਰੋਬਾਰ ਕਰਨ ਨੂੰ ਸੁਖਾਲਾ ਕਰਨ ਅਤੇ ਨੇਮਬੰਦੀ ਮਾਮਲਿਆਂ ਬਾਰੇ ਪੋਰਟਲ' ਦੀ ਸ਼ੁਰੂਆਤ ਕੀਤੀ।
- ਫਾਜ਼ਿਲਕਾ ਦੇ ਪਿੰਡ ਧਰਾਂਗਵਾਲਾ ਦਾ ਨੌਜਵਾਨ ਰਾਮ ਚੰਦਰ, ਕਰਮਵੀਰ ਚੱਕਰ ਨਾਲ ਹੋਇਆ ਸਨਮਾਨਿਤ।
- 68ਵੀਆਂ ਪੰਜਾਬ ਸਕੂਲ ਖੇਡਾਂ ਦੇ ਜੂਡੋ ਮੁਕਾਬਲਿਆਂ ਦੀ ਸ਼ਾਨਦਾਰ ਸ਼ੁਰੂਆਤ।